BRITISH COLUMBIA
The Best Place on Earth

# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
22 ਫਰਵਰੀ, 2011

ਵਿਦਿਆ ਮਹਿਕਮਾ

## ਜ਼ੋਰ ਨਾਲ ਬੋਲੋ, ਐਲਾਨ ਕਰੋ, ਧੱਕੇਸ਼ਾਹੀ ਪ੍ਰਵਾਨ ਕਰਨਯੋਗ ਨਹੀਂ ਹੈ

ਵਿਕਟੋਰੀਆ – ਕਿਸੇ ਨੂੰ ਦੱਸੋ। ਇਹ ਸੁਨੇਹਾ ਵਿਦਿਆ ਮੰਤਰੀ ਮਾਰਗਾਰੇਟ ਮੈਕਡਾਇਰਮਿਡ, 23 ਫਰਵਰੀ ਨੂੰ ਪਿੰਕ ਸ਼ਰਟ ਡੇਅ ਵਾਲੇ ਦਿਨ, ਬੀ.ਸੀ. ਭਰ ਵਿਚ ਸੂਬੇ ਦੇ ਸਕੂਲਾਂ ਅਤੇ ਕੰਮ ਵਾਲੀਆਂ ਥਾਂਵਾਂ ਨਾਲ ਮਿਲ਼ ਕੇ ਉਨ੍ਹਾਂ ਵਿਦਿਆਰਥੀਆਂ ਨੂੰ ਸੁਣਾਉਣਾ ਚਾਹੁੰਦੀ ਹੈ ਜਿਨ੍ਹਾਂ ਨੂੰ ਸਕੂਲ ਵਿਚ ਜਾਂ ਔਨਲਾਈਨ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਹੋ ਸਕਦਾ ਹੈ।

ਇਹ ਦਿਨ, ਜਿਸ ਨੂੰ ਐਂਟੀ-ਬੁਲੀਇੰਗ ਡੇਅ (ਧੱਕੇਸ਼ਾਹੀ ਦੇ ਖਿਲਾਫ ਦਿਨ) ਵੀ ਐਲਾਨਿਆ ਗਿਆ ਹੈ, ਬੀ.ਸੀ. ਭਰ ਵਿਚ ਅਜਿਹੀਆਂ ਕਮਿਊਨਟੀਆਂ ਉਸਾਰਨ ਲਈ ਵਿਦਿਆਰਥੀਆਂ ਅਤੇ ਬਾਲਗਾਂ ਦੀਆਂ ਕੋਸ਼ਿਸ਼ਾਂ ਨੂੰ ਮਾਨਤਾ ਦੇਣ ਲਈ ਮਨਾਇਆ ਜਾਂਦਾ ਹੈ, ਜਿਹੜੀਆਂ ਆਦਰ, ਇਨਸਾਫ, ਬਰਾਬਰਤਾ ਅਤੇ ਹਮਦਰਦੀ ਨੂੰ ਉਤਸ਼ਾਹ ਦੇਣ।

ਹਵਾਲੇ:
"ਪਿਛਲੇ ਕੁਝ ਸਾਲਾਂ ਵਿਚ, ਅਸੀਂ ਉਨ੍ਹਾਂ ਵਿਦਿਆਰਥੀਆਂ ਅਤੇ ਟੀਚਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਹਾਂ ਜਿਨ੍ਹਾਂ ਨੇ ਸੂਬੇ ਭਰ ਵਿਚ ਧੱਕੇਸ਼ਾਹੀ (ਬੁਲੀਇੰਗ) ਦੇ ਖਿਲਾਫ ਸਟੈਂਡ ਲਿਆ ਹੈ," ਮੈਕਡਾਇਰਮਿਡ ਨੇ ਕਿਹਾ। "ਇਸ ਮਹੀਨੇ ਹੀ ਅਸੀਂ ਵੈਨਕੂਵਰ ਦੇ 300 ਵਿਦਿਆਰਥੀਆਂ ਦੇ ਗਰੁੱਪ ਨੂੰ ਪ੍ਰਵਾਨਗੀ ਅਤੇ ਹਮਦਰਦੀ ਨੂੰ ਉਤਸ਼ਾਹ ਦੇਣ ਵਾਲੀ ਆਪਣੀ ਫਲੈਸ਼ ਮੌਬ ਵੀਡਿਓ ਨਾਲ ਸਾਰੇ ਉੱਤਰੀ ਅਮਰੀਕਾ ਵਿਚ ਧਿਆਨ ਖਿੱਚਦੇ ਦੇਖਿਆ ਹੈ ਜਿਹੜੀ ਇੰਟਰਨੈੱਟ 'ਤੇ ਬਹੁਤ ਜ਼ਿਆਦਾ ਦੇਖੀ ਗਈ ਹੈ।"

"ਇਹ ਜਾਣਨ ਨਾਲ ਕਿ ਪਿੰਕ ਸ਼ਰਟ ਡੇਅ ਨੋਵਾ ਸਕੋਸ਼ੀਆ ਦੇ ਹਾਈ-ਸਕੂਲ ਦੇ ਸਿਰਫ ਦੋ ਮੁੰਡਿਆਂ ਦੀਆਂ ਸਰਗਰਮੀਆਂ ਨਾਲ ਸ਼ੁਰੂ ਹੋਇਆ ਅਤੇ ਹੁਣ ਕੈਨੇਡਾ ਵਿਚ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਮਨਾਇਆ ਜਾਂਦਾ ਹੈ, ਇਹ ਦਿਖਾਉਂਦਾ ਹੈ ਕਿ ਅਸੀਂ ਬਾਲਗਾਂ ਦੇ ਤੌਰ 'ਤੇ ਆਪਣੇ ਵਿਦਿਆਰਥੀਆਂ ਤੋਂ ਸਿੱਖ ਸਕਦੇ ਹਾਂ," ਮੈਕਡਾਇਰਮਿਡ ਨੇ ਕਿਹਾ। "ਮੈਂ ਤੁਹਾਨੂੰ ਸਾਰਿਆਂ ਨੂੰ ਉਤਸ਼ਾਹ ਦਿੰਦੀ ਹਾਂ ਕਿ ਤੁਸੀਂ 23 ਫਰਵਰੀ ਨੂੰ ਮੇਰੇ ਨਾਲ ਸ਼ਾਮਲ ਹੋਵੋ ਅਤੇ ਗੁਲਾਬੀ ਪਹਿਨੋ ਅਤੇ ਸਾਡੇ ਸੂਬੇ ਦੀ ਭਿੰਨਤਾ ਦਾ ਜਸ਼ਨ ਮਨਾਉ।"

ਵਿਦਿਆਰਥੀਆਂ ਲਈ ਸੁਝਾਅ:
- ਧੱਕੇਸ਼ਾਹੀ (ਬੁਲੀਇੰਗ) ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਕੀ ਜਾ ਸਕਦੀ ਹੈ – ਇਹ ਸਮਝੋ ਕਿ ਧੱਕੇਸ਼ਾਹੀ ਦੇ ਵਤੀਰੇ ਕਿਹੋ ਜਿਹੇ ਹਨ ਜਿਵੇਂ ਕਿ ਗਾਲ਼ਾਂ ਕੱਢਣਾ, ਅਣਚਾਹੀ ਛੇੜਖਾਨੀ ਜਾਂ ਟਾਂਚਾਂ, ਅਤੇ ਫਿਰ ਇਹ ਸਮਝਣ ਵਿਚ ਦੂਜਿਆਂ ਦੀ ਮਦਦ ਕਰੋ ਕਿ ਇਹ ਨਾ ਪ੍ਰਵਾਨ ਕਰਨਯੋਗ ਵਤੀਰੇ ਹਨ।
- ਇਹ ਜਾਣੋ ਕਿ ਤੁਹਾਨੂੰ ਆਪਣੇ ਨਾਲ ਆਦਰ ਵਾਲਾ ਵਰਤਾਉ ਹੋਣ ਅਤੇ ਆਪਣੇ ਸਕੂਲ ਅਤੇ ਕਮਿਊਨਟੀ ਵਿਚ ਸੁਰੱਖਿਅਤ ਮਹਿਸੂਸ ਕਰਨ ਦਾ ਹੱਕ ਹੈ। ਜੇ ਅਜਿਹਾ ਨਹੀਂ ਹੋ ਰਿਹਾ ਤਾਂ ਕਿਸੇ ਨਾਲ ਗੱਲ ਕਰੋ।
- ਧੱਕੇਸ਼ਾਹੀ ਜਾਂ ਸਤਾਏ ਜਾਣਾ ਸਹਿਣ ਕਰਨ ਤੋਂ ਨਾਂਹ ਕਰੋ – ਜਿਹੜੇ ਜਵਾਨ ਸਿਰਫ ਹੱਸਦੇ ਹਨ ਜਾਂ ਵਾਹ ਵਾਹ ਕਰਦੇ ਹਨ ਉਹ ਇਸ ਵਰਤਾਉ ਨੂੰ ਉਤਸ਼ਾਹ ਦਿੰਦੇ ਹਨ।
- ਧੱਕੇਸ਼ਾਹੀ ਜਾਂ ਸਤਾਏ ਜਾਣ ਦੇ ਖਿਲਾਫ ਬੋਲਣ ਵਿਚ ਮਦਦ ਲਈ ਆਪਣੇ ਦੋਸਤਾਂ ਨੂੰ ਇਕੱਠੇ ਕਰੋ।
- ਜਿਨ੍ਹਾਂ ਨੂੰ ਸਤਾਇਆ ਜਾ ਰਿਹਾ ਹੈ ਉਨ੍ਹਾਂ 'ਤੇ ਨਿਗ੍ਹਾ ਰੱਖੋ ਅਤੇ ਜੇ ਤੁਸੀਂ ਧੱਕੇਸ਼ਾਹੀ ਹੁੰਦੀ ਦੇਖੋ ਤਾਂ ਕਿਸੇ ਟੀਚਰ ਜਾਂ ਭਰੋਸੇਯੋਗ ਬਾਲਗ ਨੂੰ ਦੱਸੋ।

ਮਾਪਿਆਂ ਲਈ ਸੁਝਾਅ:
- ਆਪਣੇ ਬੱਚਿਆਂ ਦੇ ਦੋਸਤਾਂ ਨੂੰ ਜਾਣੋ ਅਤੇ ਉਨ੍ਹਾਂ ਦੀ ਸਕੂਲ ਕਮਿਊਨਟੀ ਵਿਚ ਹਿੱਸਾ ਲਵੋ।
- ਆਪਣੇ ਬੱਚੇ ਜਾਂ ਟੀਨਏਜਰ ਨਾਲ ਧੱਕੇਸ਼ਾਹੀ ਦੀਆਂ ਉਨ੍ਹਾਂ ਉਦਾਹਰਣਾਂ ਬਾਰੇ ਵਿਚਾਰ ਕਰੋ ਜਿਹੜੀਆਂ ਉਹ ਟੈਲੀਵਿਯਨ, ਵੀਡਿਓ ਗੇਮਾਂ ਜਾਂ ਆਂਢ-ਗੁਆਂਢ ਵਿਚ ਦੇਖਦਾ ਜਾਂ ਦੇਖਦੀ ਹੈ। ਧੱਕੇਸ਼ਾਹੀ ਦੇ ਸਿੱਟਿਆਂ ਨੂੰ ਸਮਝਣ ਵਿਚ ਆਪਣੇ ਬੱਚੇ ਦੀ ਮਦਦ ਕਰੋ।

- ਦੂਜਿਆਂ ਲਈ ਹਮਦਰਦੀ, ਗੁੱਸੇ ਦੀਆਂ ਭਾਵਨਾਵਾਂ ਨੂੰ ਕਾਬੂ ਕਰਨਾ ਅਤੇ ਵਖਰੇਂਵਿਆਂ ਨੂੰ ਪ੍ਰਵਾਨ ਕਰਨਾ ਦਿਖਾ ਕੇ ਢੁਕਵੇਂ ਵਤੀਰੇ ਲਈ ਨਮੂਨਾ ਬਣੋ।
- ਆਪਣੇ ਬੱਚੇ ਦੇ ਬਦਲੇ ਵਤੀਰੇ ਦੀਆਂ ਨਿਸ਼ਾਨੀਆਂ 'ਤੇ ਨਿਗ੍ਹਾ ਰੱਖੋ, ਜਿਵੇਂ ਕਿ ਗਰੇਡਾਂ ਦਾ ਘਟਣਾ, ਉਨੀਂਦਰਾ, ਚਿੰਤਾ, ਭੁੱਖ ਦਾ ਮਰਨਾ, ਗੁੱਸੇ ਵਿਚ ਭੜਕ ਪੈਣਾ ਜਾਂ ਸਵੇਰ ਨੂੰ ਬੀਮਾਰ ਹੋਣਾ।
- ਧਿਆਨ ਦੇਵੋ ਜੇ ਤੁਹਾਡਾ ਬੱਚਾ ਅਸਪਸ਼ਟ ਕਾਰਨਾਂ ਕਰਕੇ ਸਕੂਲ ਛੱਡਣ ਬਾਰੇ ਗੱਲ ਕਰਦਾ ਹੈ, ਸਕੂਲ ਤੋਂ ਛੁੱਟੀ ਕਰਦਾ ਹੈ, ਘਰ ਵਿੱਚੋਂ ਬਾਹਰ ਜਾਣ ਦਾ ਖਾਹਸ਼ਮੰਦ ਨਹੀਂ ਹੈ ਜਾਂ ਡਰਦਾ ਹੈ, ਜਾਂ ਸਕੂਲ ਨੂੰ ਜਾਂਦੇ ਆਪਣੇ ਰੂਟ ਨੂੰ ਬਦਲਣਾ ਚਾਹੁੰਦਾ ਹੈ।
- ਸੁਚੇਤ ਹੋਵੋ ਜੇ ਤੁਹਾਡਾ ਬੱਚਾ ਪਾਟੇ ਕੱਪੜਿਆਂ ਨਾਲ ਘਰ ਆਉਂਦਾ ਹੈ, ਨੀਲ ਪਏ ਹੋਏ ਹਨ ਜਿਨ੍ਹਾਂ ਦੇ ਕਾਰਨਾਂ ਦਾ ਨਹੀਂ ਪਤਾ, ਨਵੇਂ ਕੱਪੜੇ ਜਾਂ ਹੋਰ ਚੀਜ਼ਾਂ ਹਨ, ਜਾਂ ਪੈਸੇ ਹਨ ਜਿਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ।

2007 ਵਿਚ, ਸੂਬੇ ਨੇ ਵਿਦਿਅਕ ਬੋਰਡਾਂ ਤੋਂ ਇਹ ਮੰਗ ਕਰਦਾ ਕਾਨੂੰਨ ਪਾਸ ਕੀਤਾ ਕਿ ਉਹ ਸਾਰੇ ਸਕੂਲਾਂ ਵਿਚ ਕੋਡਜ਼ ਆਫ ਕੰਡਕਟ (ਆਚਰਣ ਬਾਰੇ ਨਿਯਮ) ਲਾਗੂ ਕਰਨ ਜਿਸ ਵਿਚ ਸਕੂਲ ਵਿਚ ਢੁਕਵੇਂ ਵਰਤਾਉ ਲਈ ਮਿਆਰ ਸ਼ਾਮਲ ਹੋਣ। ਸਾਰੇ ਸਕੂਲ ਜਿਲ੍ਹਿਆਂ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਕੋਡਜ਼ ਆਫ ਕੰਡਕਟ ਲਾਗੂ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਐਲੀਮੈਂਟਰੀ ਸਕੂਲ ਤੋਂ ਹਾਈ ਸਕੂਲ ਤੱਕ ਦੇ ਪਾਠਕ੍ਰਮ ਵਿਚ ਸਿਹਤਮੰਦ ਸਬੰਧਾਂ ਦੇ ਵਿਕਾਸ ਲਈ ਹੁਨਰ ਸ਼ਾਮਲ ਹਨ। ਸਰਕਾਰ ਦੀ ਹਰ ਸਾਲ ਐਂਟੀ-ਬੁਲੀਇੰਗ ਡੇਅ ਮਨਾਉਣ ਦੀ ਵਚਨਬੱਧਤਾ ਕਾਇਮ ਹੈ।

ਜ਼ਿਆਦਾ ਸਿੱਖੋ:

- ਕਿਡਜ਼ ਹੈਲਪ ਫੋਨ 1-800 668-6868 ਰਾਹੀਂ ਵਿਦਿਆਰਥੀਆਂ ਲਈ ਸ੍ਰੋਤ ਮੌਜੂਦ ਹਨ ਜਾਂ www.RedCross.ca/StandUp 'ਤੇ ਔਨਲਾਈਨ।
- ਧੱਕੇਸ਼ਾਹੀ ਨੂੰ ਸਮਝਣ ਲਈ ਮਾਪਿਆਂ ਲਈ ਸ੍ਰੋਤ http://www.bced.gov.bc.ca/sco/resources.htm ਵੈੱਬਸਾਈਟ 'ਤੇ ਮੌਜੂਦ ਹਨ। ਇਨ੍ਹਾਂ ਵਿਚ ਸ਼ਾਮਲ ਹਨ 'ਕੀਪਿੰਗ ਕਿਡਜ਼ ਸੇਫ', ਕੇ-12 ਗਰੇਡਾਂ ਵਿਚਲੇ ਵਿਦਿਆਰਥੀਆਂ ਦੇ ਮਾਪਿਆਂ ਲਈ ਗਾਈਡ ਅਤੇ 'ਇੰਟਰਨੈੱਟ ਸੇਫਟੀ ਟਿਪਸ ਫਾਰ ਪੇਰੈਂਟਸ'। ਸਾਰੀਆਂ ਗਾਈਡਾਂ ਕਈ ਜ਼ਬਾਨਾਂ ਵਿਚ ਉਪਲਬਧ ਹਨ।
- ਆਪਣੇ ਬੱਚਿਆਂ ਨਾਲ ਇੰਟਰਨੈੱਟ 'ਤੇ ਸੁਰੱਖਿਆ ਬਾਰੇ ਸਿੱਖੋ ਅਤੇ www.learnnowbc.ca/lnbcresources/cybersafe/ 'ਤੇ ਔਨਲਾਈਨ ਸਰੁੱਖਿਆ ਦਾ ਪਤਾ ਲਾਉ।
- ਜ਼ਿਆਦਾ ਜਾਣਕਾਰੀ ਲਈ, www.bced.gov.bc.ca/sco ਵੈੱਬਸਾਈਟ 'ਤੇ ਵਿਦਿਆ ਮਹਿਕਮੇ ਦੇ ਸੇਫ, ਕੇਅਰਿੰਗ ਐਂਡ ਔਰਡਰਲੀ ਸਕੂਲਜ਼ ਵੈੱਬਸਾਈਟ 'ਤੇ ਜਾਉ।
- ਧੱਕੇਸ਼ਾਹੀ ਦੇ ਖਿਲਾਫ ਖੜ੍ਹਨ ਬਾਰੇ ਡੇਵਿਡ ਲੋਇਡ ਜੌਰਜ ਐਲੀਮੈਂਟਰੀ ਅਤੇ ਚਰਚਿਲ ਸੈਕੰਡਰੀ ਦੇ ਵਿਦਿਆਰਥੀਆਂ ਵਲੋਂ ਤਿਆਰ ਕੀਤੀ ਗਈ ਫਲੈਸ਼ ਮੌਬ ਵੀਡਿਓ ਦੇਖਣ ਲਈ ਇਸ ਵੈੱਬਸਾਈਟ 'ਤੇ ਜਾਉ: http://www.youtube.com/watch?v=MhYyAa0VnyY

-30-

ਸੰਪਰਕ: ਪਬਲਿਕ ਅਫੇਅਰਜ਼ ਬਿਊਰੋ
ਵਿਦਿਆ ਮਹਿਕਮਾ
250 356-5963